# ਏਕੁ ਨਾਮੁ ਦੀਓ ਮਨ ਮੰਤਾ

**ਧਨਾਸਰੀ ਮਹਲਾ ੫ ॥**
**ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ॥**
**ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥੧॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਰਾਗ ਧਨਾਸਰੀ ਵਿਚ ਉਚਾਰਣ ਕੀਤਾ ਹੋਇਆ ਹੈ, ਜੋ ਅੰਕ ੬੮੧ ਤੇ ਸੁਭਾਇਮਾਨ ਹੈ।

– – **ਪਹਿਲੀ ਪੰਕਤੀ ਵਿਚ**, ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਮੇਰੇ ਗੁਰੂ ਨੇ, ਮੈਨੂੰ ਆਪਣੇ ਚਰਣਾਂ ਨਾਲ ਪਿਰੋ ਕੇ, ਅਤਿਅੰਤ ਸ਼ਕਤੀਸ਼ਾਲੀ ਮਾਇਆ ਤੋਂ ਛਡਾਅ ਲਿਆ ਹੈ।

ਆਪਣੀ ਹੋਂਦ, ਸਭ ਰਿਸ਼ਤੇਦਾਰੀਆਂ, ਮਿਤਰਾਂ, ਧਨ, ਜਾਇਦਾਦ ਆਦਿ ਦਾ ਮੋਹ, ਗੁਮਾਨ, ਪੰਜੇ ਵਿਕਾਰ – ਇਹ ਸਭ ਮਾਇਆ ਦੇ ਰੂਪ ਹਨ। ਆਪਣੀ ਵਡਿਆਈ, ਵਿਦਿਆ, ਸਿਆਣਪ, ਅਉਧਾ, ਵਡੀ ਉਮਰ ਆਦਿ ਹੋਰ ਕਈ ਮਾਇਆ ਦੇ ਰੂਪ ਹਨ। ਭਗਤ ਕਬੀਰ ਜੀ ਨੇ ਇਸ ਮਾਇਆ ਨੂੰ ਬਹੁਤ ਤਾਕਤਵਰ ਸਰਪਣੀ ਦਸਿਆ ਹੈ, ਕਿ ਇਸ ਤੋਂ ਵਧ ਬਲਵਾਨ, ਇਸ ਦੁਨੀਆਂ ਵਿਚ ਹੋਰ ਕੋਈ ਨਹੀਂ। ਇਹ ਮਾਇਆ, ਇਤਨੀ ਬਲਵਾਨ ਹੈ, ਜਿਸਦੇ ਪ੍ਰਭਾਵ ਥੱਲੇ ਬ੍ਰਹਮਾ ਵਿਸ਼ਣੂ ਸ਼ਿਵ ਆਦਿ ਦੇਵਤੇ ਵੀ ਹਨ – 'ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥', ਅੰਕ ੪੮੦.

ਸਿਰਫ਼, ਪੁਜੇ ਹੋਏ ਸੰਤ, ਸਾਧੂ ਹੀ ਇਸਦੇ ਅਸਰ ਤੋਂ ਰਹਿਤ ਹੁੰਦੇ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਇਹ ਮਾਇਆ ਪ੍ਰਭੂ ਦੇ ਭਗਤਾਂ ਦੀ ਦਾਸੀ ਹੁੰਦੀ ਹੈ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਕੰਮ ਕਰਦੀ ਹੈ – 'ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥', ਅੰਕ ੨੩੧. ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਜੋ ਭਗਤ ਪ੍ਰਭੂ ਦੇ ਨਾਮ ਰੰਗ ਵਿਚ ਰੰਗੇ ਹੁੰਦੇ ਹਨ ਉਨ੍ਹਾਂ ਨੂੰ ਤੰਗ ਨਹੀਂ ਕਰਦੀ – 'ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ॥', ਅੰਕ ੧੩੨ ਅਤੇ ਉਨ੍ਹਾਂ ਨਾਲ ਛੱਲ ਨਹੀਂ ਕਰਦੀ – 'ਹਰਿ ਸੰਗਿ ਰਾਤੇ ਮਾਇਆ ਨਹੀ ਛਲੈ॥', ਅੰਕ ੨੦੧.

ਕਈ ਵੇਰ, ਵੇਖਣ ਨੂੰ ਤਾਂ, ਸੰਤ ਮਾਇਆ ਵਿਚ ਗ਼ਲਤਾਨ, ਰੁਝੇ ਹੋਏ ਜਾਪਦੇ ਹਨ ਪਰ ਅਸਲ ਵਿਚ, ਉਨ੍ਹਾਂ ਦੀ ਸੁਰਤੀ ਸਾਈਂ ਨਾਲ ਹੀ ਲਗੀ ਹੁੰਦੀ ਹੈ। ਇਸ ਤੱਥ ਦਾ ਬਿਆਨ, ਭਾਈ ਨੰਦ ਲਾਲ ਜੀ ਨੇ, ਜ਼ਿੰਦਗੀਨਾਮਾ ਵਿਚ, ਜੋ ਕਿ ਫ਼ਾਰਸੀ ਵਿਚ ਹੈ, ਬਹੁਤ ਸੁੰਦਰ ਸ਼ਬਦਾਂ ਵਿਚ ਕੀਤਾ ਹੈ – '**ਵੇਖਣ ਵਿਚ ਉਹ ਦੁਨੀਆ ਦਾਰ ਹੁੰਦੇ ਹਨ ਪਰ ਅਸਲ ਵਿਚ ਉਹ ਦੁਨੀਆਂ ਤੋਂ ਨਿਰਲੇਪ ਹਨ।੩੩੩। ਵੇਖਣ ਵਿਚ ਉਹ ਪੁਤਰ ਕਲੱਤਰ ਵਿਚ ਫ਼ਸੇ ਹੋਏ ਹਨ ਪਰ ਅਸਲ ਵਿਚ ਉਨ੍ਹਾਂ ਦਾ ਪਕਾ ਰਿਸ਼ਤਾ ਸਾਈਂ ਨਾਲ ਹੈ।੩੩੫। ਵੇਖਣ ਵਿਚ ਤਾਂ ਉਹ ਊਠ ਘੋੜਿਆਂ ਦੇ ਵਪਾਰ ਵਿਚ ਰੁਝੇ ਹੋਏ ਹਨ ਪਰ ਅਸਲ ਵਿਚ ਤਾਂ ਉਹ ਜਲ ਥਲ ਦੇ ਮਾਲਕ ਦੇ ਨਾਲ ਹਨ।੩੩੭।.. ਹੌਲੀ ਹੌਲੀ ਉਨ੍ਹਾਂ ਦਾ ਅਸਲੀ ਜੀਵਨ ਪ੍ਰਗਟ ਹੋ ਜਾਂਦਾ ਹੈ ਅਤੇ ਉਨ੍ਹਾਂ ਵਿਚੋਂ ਕਸਤੂਰੀ ਵਾਂਗੂੰ ਮਹਿਕ ਆਉਣ ਲਗ ਜਾਂਦੀ ਹੈ। ੩੩੯।....**'

– – **ਦੂਜੀ ਪੰਕਤੀ** ਵਿਚ ਮਹਾਰਾਜ ਫ਼ੁਰਮਾਣ ਕਰਦੇ ਹਨ ਕਿ ਮੇਰੇ ਗੁਰੂ ਨੇ ਮੇਰੇ ਮਨ ਵਿਚ, **ਗੁਰਮੰਤਰ ਦੇ ਰੂਪ ਵਿਚ ਪ੍ਰਭੂ ਦਾ ਨਾਮ ਵਸਾ ਦਿਤਾ ਹੈ**, ਜੋ ਸਦਾ ਥਿਰ ਹੁੰਦਾ ਹੈ, ਭਾਵ, ਕਦੇ ਨਾਸ ਨਹੀਂ ਹੁੰਦਾ। ਇਸੇ ਢੰਗ ਨਾਲ ਹੀ ਮੇਰੇ ਗੁਰੂ ਨੇ, ਮਾਇਆ ਦੇ ਪੰਜੇ ਤੋਂ, ਮੈਨੂੰ ਛਡਾਇਆ ਹੈ।੧।

ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਸਿਖੀ ਨੂੰ ਬਖਸ਼ਿਆ ਹੋਇਆ **ਗੁਰਮੰਤਰ** 'ਵਾਹਿਗੁਰੂ' ਹੈ, ਜੋ

ਮਹਾਰਾਜ ਨੇ ਸਾਡੇ ਤੇ ਬਹੁਤ ਕਿਰਪਾ ਕੀਤੀ ਹੈ, ਇਸ ਨੂੰ ਪੰਜ ਪਿਆਰਿਆਂ ਰਾਹੀਂ ਪ੍ਰਾਪਤ ਕਰਨ ਤੋਂ ਬਾਅਦ, ਇਸ ਦਾ ਜਾਪ, ਸਿਮਰਨ ਕਰਕੇ ਅਸੀਂ ਵੀ ਮਾਇਆ ਤੇ ਫ਼ਤਹਿ ਪ੍ਰਾਪਤ ਕਰ ਸਕਦੇ ਹਾਂ। '**ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ......**' ਜਾਪ ਕਰਣ ਨਾਲ, ਅਕਾਲ ਪੁਰਖ ਅਤੇ **ਗੁਰ-ਜੋਤਿ** ਦਾ ਇਕੱਠਿਆਂ ਹੀ ਸਿਮਰਨ ਹੋ ਜਾਂਦਾ ਹੈ ਕਿਉਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਨੂੰ ਗੁਰੂ ਕਿਹਾ ਹੈ। **ਗੁਰ-ਜੋਤਿ**, ਗੁਰੂ ਨਾਨਕ, ਉਸ ਦਾ ਪ੍ਰਗਟ ਸਰੂਪ ਹਨ। ਆਪਣੇ ਗੁਰੂ ਦਾ ਦਿਤਾ ਹੋਏ ਗੁਰਮੰਤਰ, ਭਾਵੇਂ ਰਾਮ ਹੋਵੇ ਜਾਂ ਵਾਹਗੁਰੂ, ਦਾ ਜਾਪ ਜਪਦਿਆਂ ਜਪਦਿਆਂ ਵਾਹਗੁਰੂ ਦਾ ਹੀ ਰੂਪ ਹੋ ਜਾਈਦਾ ਹੈ ਜਿਵੇਂ ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਉਸ ਸਰਬ ਵਿਆਪੀ ਪ੍ਰਭੂ ਰਾਮ ਦਾ ਰਾਮ ਰਾਮ ਦਾ ਜਾਪ ਰੂਪੀ ਕੀਰਤਨ ਗਾਉਣ ਨਾਲ ਉਹ ਮਨ ਵਿਚ ਸਮਾ ਜਾਂਦਾ ਹੈ - 'ਰਾਮ ਰਾਮ ਰਾਮ ਕੀਰਤਨੁ ਗਾਇ॥ ਰਮਤ ਰਾਮੁ ਸਭ ਰਹਿਓ ਸਮਾਇ॥', ਅੰਕ ੮੬੫ ਅਤੇ ਇਸੇ ਰਾਮ ਦਾ ਵਾਰ ਵਾਰ ਦਾ ਉਚਾਰਣ ਕਰਧ ਨਾਲ ਉਹ ਪ੍ਰਭੂ ਜਨਮ ਮਰਣ ਦੇ ਭੈ ਤੋਂ ਪਾਰ ਉਤਾਰ ਦਿੰਦਾ ਹੈ - 'ਉਚਰਤ ਰਾਮ  ਭੈ ਪਾਰਿ ਉਤਾਰੈ॥'

**ਸਤਿਗੁਰਿ ਪੂਰੈ ਕੀਨੀ ਦਾਤਿ ॥**
**ਹਰਿ ਹਰਿ ਨਾਮੁ ਦੀਓ ਕੀਰਤਨ ਕਉ  ਭਈ ਹਮਾਰੀ ਗਾਤਿ ॥ ਰਹਾਉ ॥**

- - ਸਾਡੇ ਸਚੇ ਗੁਰੂ ਨੇ ਸਾਡੇ ਤੇ ਬਖਸ਼ਿਸ਼ ਕਰਕੇ ਇਹ ਗੁਰਮੰਤਰ ਦੀ ਦਾਤ ਸਾਨੂੰ ਬਖਸ਼ੀ ਹੈ, ਜੋ ਆਪਣੇ ਆਪ ਵਿਚ ਸੰਪੂਰਣ ਹੈ।

- - ਇਹ ਗੁਰਮੰਤਰ ਦਾ ਵਾਰ ਵਾਰ ਉਚਾਰਣ (ਹਰਿ ਹਰਿ....) ਸਾਡੇ ਦੁਆਰਾ 'ਵਾਹਿਗੁਰੂ' ਦਾ ਜੱਸ ਗਾਉਣ ਦਾ ਢੰਗ ਹੈ, ਜਿਸ ਨਾਲ ਸਾਨੂੰ ਪਰਮ ਗਤੀ ਪ੍ਰਾਪਤ ਹੋ ਜਾਂਦੀ ਹੈ।ਰਹਾਉ।

ਇਥੇ 'ਹਰਿ ਹਰਿ...' ਦਾ ਦੁਹਰਾਇਆ ਜਾਣਾ ਗੁਰਮੰਤਰ ਦੇ ਵਾਰ ਵਾਰ ਦੁਹਰਾਏ ਜਾਣ ਜਾਂ ਜਾਪ, ਸਿਮਰਨ ਵਲ ਇਸ਼ਾਰਾ ਹੈ। ਗੁਰਬਾਣੀ ਵਿਚ ਕਈ ਥਾਈਂ 'ਹਰਿ ਹਰਿ' ਜਾਂ 'ਰਾਮ ਰਾਮ' ਕਈ ਕਈ ਵੇਰ ਇਕੱਠੇ ਵੀ ਦੁਹਰਾਏ ਗਏ ਹਨ, ਜੋ ਇਹੀ ਇਸ਼ਾਰਾ ਦੇ ਰਹੇ ਹਨ। '**ਜਪੁ**' ਬਾਣੀ ਵਿਚ ਇਕੋ ਨਾਂ ਦਾ, ਲੱਖਾਂ ਵੇਰ ਉਚਾਰਣ ਦਾ ਉਪਦੇਸ਼ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ ਜੇ ਜੀਭ, ਇਕ ਤੋਂ ਲਖ ਹੋ ਜਾਣ, ਉਸਤੋਂ ਉਪਰ, ਹੋਰ ਲਖ ਗੁਣਾ ਹੋ ਜਾਣ ਤੇ ਫ਼ਿਰ, ਵੀਹ ਗੁਣਾ ਹੋਰ ਵਧ ਜਾਣ, ਤਾਂ ਮੈਂ ਇਕ ਇਕ ਜੀਭ ਨਾਲ ਲਖਾਂ, ਲਖਾਂ ਗੇੜੇ, ਜਗਤ ਦੇ ਸੁਆਮੀ ਦਾ ਇਕ ਨਾਮ (**ਗੁਰਮੰਤਰ**) ਜਪਾਂ ਤੇ ਇਸ ਦੀਆਂ ਹੋਰ ਅਗਲੀਆਂ ਪੌੜੀਆਂ ਚੜ੍ਹਦਾ ਜਾਵਾਂ, ਤਾਂ ਕਿਤੇ, ਇਸ ਰਾਹ ਤੇ ਚਲ ਕੇ, ਭਾਵ, ਨਾਮ ਜਪ ਕੇ ਉਸ ਪਤੀ ਪ੍ਰਭੂ ਨਾਲ ਇਕ ਹੋ ਸਕਾਂਗੀ, ਭਾਵ, ਉਸ ਵਿਚ ਸਮਾ ਸਕਾਂਗੀ – 'ਇਕ ਦੂ ਜੀਭੌ ਲਖ ਹੋਹਿ  ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ  ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ  ਚੜੀਐ ਹੋਇ ਇਕੀਸ॥'

'ਕੀਰਤਨ' ਸ਼ਬਦ '**ਕੀਰਤ**' ਤੋਂ ਬਣਿਆ ਹੈ, ਜਿਸ ਦਾ ਭਾਵ ਬਣਿਆ ਜੱਸ ਕਰਨਾ, ਭਾਵ, ਉਸ ਪਰਮਾਤਮਾ ਦੇ ਗੁਣਾਂ ਦਾ ਸਮੱਰਣ ਕਰਨਾ। '**ਵਾਹਗੁਰੂ**' ਸ਼ਬਦ ਦਾ ਅਰਥ ਹੈ ਪ੍ਰਭੂ ਦੇ ਸਾਰੇ ਗੁਣਾਂ ਦਾ ਇਕੋ ਵੇਰ ਵਿਚ ਉਚਾਰਣ। ਹੇ ਗੁਰੂ (ਪਰਮੇਸ਼ਰ) ! ਤੂੰ ਵਾਹ ਹੈ, ਵਾਹ ਹੈ। ਉਸ ਨੂੰ '**ਵਾਹ**' ਕਹਿਣ ਨਾਲ ਉਸ ਦੇ ਸਾਰੇ ਗੁਣ ਕਹੇ ਗਏ, ਜੋ ਸਾਨੂੰ ਪਤਾ ਹਨ, ਉਹ ਵੀ, ਅਤੇ ਜੋ ਨਹੀਂ ਪਤਾ, ਉਹ ਵੀ। ਇਸ ਤਰ੍ਹਾਂ **ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ.....** ਕਰਦਿਆਂ ਕਰਦਿਆਂ ਕਰਦਿਆਂ ਅਸੀਂ ਉਸਦਾ ਜੱਸ ਕਰਦੇ ਹਾਂ, ਭਾਵ, ਕੀਰਤਨ ਕਰਦੇ ਹਾਂ। ਪਾਤਸ਼ਾਹ ਦਿਨ ਰਾਤ ਕੀਰਤਨ ਦੀ ਗਲ ਕਰਦੇ ਹਨ ਜੋ ਨਾਮ ਸਿਮਰਨ ਹੀ ਹੈ- 'ਹਰਿ ਕੀਰਤਨੁ ਗਾਵਹੁ ਦਿਨੁ ਰਾਤੀ  ਸਫਲ ਏਹਾ ਕਾਰੀ ਜੀਉ॥', ਅੰਕ ੧੦੮.

ਪਾਤਸ਼ਾਹ ਨੇ ਬੇਨਤੀ ਕੀਤੀ ਹੋਈ ਹੈ ਕਿ ਜਦੋਂ ਤਕ ਉਨ੍ਹਾਂ ਦੇ ਅੰਦਰ ਸਾਹ ਹਨ, ਉਹ ਸਿਮਰਨ ਰੂਪ, ਜੱਸ ਗਾਇਨ ਕਰਦੇ ਰਹਿਣ - 'ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ॥', ਅੰਕ ੮੧੮.

ਗੁਰਬਾਣੀ ਦਾ ਗਾਇਨ ਵੀ, ਜੱਸ ਕਰਨ ਦਾ ਇਕ, ਵਧੀਆ ਸਾਧਨ ਹੈ, ਇਹ ਸਾਧਨ, ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪ ਅਪਣਾਇਆ ਅਤੇ ਭਾਈ ਮਰਦਾਨਾ ਜੀ ਦੀ ਰਬਾਬ ਵਜਦੀ ਰਹੀ। ਅਗੋਂ ਵੀ, ਸਾਰੇ ਗੁਰੂ ਸਾਹਿਬਾਨ ਦੌਰਾਨ ਅਤੇ ਅਜ ਤਕ ਵੀ, ਇਹ ਪ੍ਰਥਾ ਜਾਰੀ ਹੈ। ਇਹ, ਬਿਰਤੀ ਜੋੜਨ ਦਾ ਵੀ ਅਤੇ ਪ੍ਰਚਾਰ ਦਾ ਵੀ ਬਹੁਤ ਵਧੀਆ ਸਾਧਨ ਹੈ।

ਪਰ ਬੰਦਗੀ ਕਰਨ ਲਈ, ਸੰਗੀਤ ਵਾਲਾ ਕੀਰਤਨ, ਜ਼ਿਆਦਾ ਲਮੇਂ ਸਮੇਂ ਲਈ ਲਗਾਤਾਰ ਨਹੀਂ ਕੀਤਾ ਜਾ ਸਕਦਾ, ਇਸ ਦੀ ਕੋਈ ਸੀਮਾ ਹੈ, ਕਿਉਂ ਕਿ ਮਨੁਖ ਦੇ ਗਾਇਨ ਕਰਨ ਦੀ ਤਾਕਤ ਦੀ ਕੋਈ ਸੀਮਾ ਹੁੰਦੀ ਹੈ, ਉਸ ਤੋਂ ਵਧ ਮਨੁਖ ਨਹੀਂ ਗਾ ਸਕਦਾ। ਇਕ ਗੱਲ ਹੋਰ ਇਹ, ਕਿ ਹਰ ਮਨੁਖ ਗਾਇਨ ਨਹੀਂ ਕਰ ਸਕਦਾ, ਦਾਸ ਵਰਗੇ ਬੇ-ਸੁਰੇ ਵੀ ਹੁੰਦੇ ਹਨ, ਜੋ ਗੁਰਬਾਣੀ ਦਾ ਗਾਇਨ ਕਦੇ ਨਹੀਂ ਕਰ ਸਕਦੇ। ਸਗੋਂ, ਗੁਰਬਾਣੀ ਗਾਇਨ ਦੀ ਦਾਤ ਤਾਂ ਕਿਸੇ ਵਿਰਲੇ ਕੋਲ ਹੀ ਹੁੰਦੀ ਹੈ। ਜਦ ਕਿ ਸਿਮਰਨ, ਹਰ ਮਨੁਖ ਕਰ ਸਕਦਾ ਹੈ। ਭਗਤ ਕਬੀਰ ਜੀ ਨੇ ਤਾਂ ਹੀ ਤਾਂ, ਦੋ ਅਖਰ ਹੀ ਭਾਖਣ ਲਈ ਕਿਹਾ ਹੈ – 'ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ॥', ਅੰਕ ੩੨੮.

ਇਸ ਤਰ੍ਹਾਂ, ਸਿਮਰਣ ਕਰਣ ਦੁਆਰਾ ਹੀ ਅਧਿਆਤਮਕ ਸਿਖਰਾਂ ਨੂੰ ਛੋਹਿਆ ਜਾ ਸਕਦਾ ਹੈ। ਇਸ ਪੰਕਤੀ ਵਿਚ, ਗੁਰਮੰਤਰ ਦੁਆਰਾ ਹੀ ਜੱਸ ਕਰਨ ਦਾ ਉਪਦੇਸ਼ ਦਿਤਾ ਗਿਆ ਹੈ ।

**ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥**
**ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥**

- - ਇਸ ਤਰ੍ਹਾਂ ਸਿਮਰਨ ਕਰਦੇ ਕਰਦੇ ਪ੍ਰਭੂ ਨੇ ਆਪਣੇ ਭਗਤਾਂ ਨੂੰ ਆਪਣੇ ਅੰਗ ਨਾਲ ਲਾ ਲਿਆ ਅਤੇ ਇੰਞ, ਵਾਹਿਗੁਰੂ ਦੇ ਦਰਬਾਰ ਵਿਚ ਉਨ੍ਹਾਂ ਦੀ ਪੱਤ ਰਖ ਲਈ।

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਧੰਨਾ, ਸੈਣ ਆਦਿ ਭਗਤ, ਜਿਹੜੇ ਜਿਹੜੇ ਵੀ ਕਿਸੇ ਨਾ ਕਿਸੇ ਸਾਧੂ ਦੀ ਸੰਗਤ ਵਿਚ ਆਉਂਦੇ ਰਹੇ ਹਨ, ਉਹ, ਧੰਨ ਹੋ ਗਏ ਅਤੇ ਹਰੀ ਪ੍ਰਭੂ ਨਾਲ ਮਿਲਾਏ ਜਾਂਦੇ ਰਹੇ ਹਨ। ਇਸ ਤਰ੍ਹਾਂ ਵਾਹਗੁਰੂ ਭਗਤ ਵਛਲ ਹੈ, ਜੋ ਵੀ ਉਸ ਦੇ ਭਗਤ ਜਨ ਦੀ ਸੰਗਤਿ ਵਿਚ ਆ ਜਾਂਦਾ ਹੈ ਉਹ ਪ੍ਰਭੂ ਆਪਣੇ ਸੰਤ ਜਨਾਂ ਦੀ ਪੈਜ ਰਖਣ ਹਿਤ ਉਨ੍ਹਾਂ ਨੂੰ ਪਾਰ ਲੰਘਾ ਦਿੰਦਾ ਹੈ, ਉਨ੍ਹਾਂ ਨੂੰ ਅੰਗੀਕਾਰ ਕਰਦਾ ਹੀ ਆਇਆ ਹੈ - 'ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥ ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ॥', ਅੰਕ ੮੩੫.

- - ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ, ਉਨ੍ਹਾਂ ਨੇ ਆਪਣੇ ਪ੍ਰਭੂ ਦੇ ਚਰਣ ਪਰਸੇ ਹਨ, ਭਾਵ, ਸਿਮਰਨ ਕੀਤਾ ਹੈ, ਜਿਸ ਕਰਕੇ ਉਨ੍ਹਾਂ ਨੂੰ ਦਿਨ ਰਾਤ, ਭਾਵ, ਸਦੀਵੀ ਸੁਖ ਦੀ ਪ੍ਰਾਪਤੀ ਹੋ ਗਈ ਹੈ।੨।੪੧॥

ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਸ ਨੇ ਵੀ ਪ੍ਰਭੂ ਦੀ ਸ਼ਰਣ ਵਿਚ ਪੈ ਕੇ, ਉਸ ਦੇ ਚਰਣ ਪਰਸੇ ਹਨ, ਨਾਮ ਜਪਿਆ ਹੈ, ਕਿਰਪਾਲੂ ਪ੍ਰਭੂ ਨੇ ਉਸ ਨੂੰ ਆਪਣੇ ਲੜ ਨਾਲ ਲਗਾ ਲਿਆ ਹੈ - 'ਦ੍ਰਿਸਟਿ ਧਾਰਿ ਲੀਨੋ ਲੜਿ ਲਾਇ॥ ਹਰਿ ਚਰਣ ਰਹੇ ਨਾਨਕ ਸਰਣਾਇ॥' ਅੰਕ ੭੪੩.